## ਹਵਾਲੇ

ਕੋਈ ਵੀ ਸਰੋਕਾਰ ਰੱਖਣ ਵਾਲਾ ਬਾਲਗ ਵਿਅਕਤੀ, ਜਿਵੇਂ ਮਾਪਾ, ਸੰਭਾਲ ਕਰਨ ਵਾਲਾ, ਪ੍ਰੀ-ਸਕੂਲ ਟੀਚਰ, ਫੈਮਲੀ ਡਾਕਟਰ ਆਦਿ, ਬੱਚੇ ਨੂੰ ਸਰੀ ਅਰਲੀ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਕੋਲ ਭੇਜ ਸਕਦਾ ਹੈ। ਸਾਡੇ ਕੋਲ ਭੇਜਣ ਲਈ ਸੈਂਟਰ ਨੂੰ 604 584 2827 'ਤੇ ਫੋਨ ਕਰੋ।

ਸਟਾਫ ਵਿੱਚ ਸਪੀਚ ਲੈਂਗੁਏਜ ਪੈਥੋਲੌਜੀ ਵਿੱਚ ਉੱਚ ਡਿਗਰੀਆਂ ਪ੍ਰਾਪਤ ਕਾਬਲ ਸਪੈਸ਼ਲਿਸਟ ਸ਼ਾਮਲ ਹਨ। ਅਸੀਂ ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੁਸਾਇਟੀ ਦਾ ਹਿੱਸਾ ਹਾਂ ਅਤੇ ਸਾਡੀ ਥਾਂ ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੈਂਟਰ ਨਾਲ ਸਾਂਝੀ ਹੈ। ਸਾਡੇ ਖੁਲ੍ਹਣ ਦਾ ਸਮਾਂ ਹੈ: ਸੋਮਵਾਰ ਤੋਂ ਸ਼ੁੱਕਰਵਾਰ ਸਵੇਰ ਦੇ 8:30 ਵਜੇ ਤੋਂ ਦੁਪਹਿਰੋਂ ਬਾਅਦ ਦੇ 4:30 ਵਜੇ ਤੱਕ।



Brightfutures for Children

## ਸਰੀ ਅਰਲੀ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ


15220 – 92nd Avenue
Surrey, BC V3R 2T8

604-584-2827 (ਫੋਨ)
604-584-9108 (ਬੋਲਿਆਂ ਅਤੇ ਉੱਚਾ ਸੁਣਨ ਵਾਲਿਆਂ ਲਈ)

604-584-2800 (ਫੈਕਸ)

ਈ-ਮੇਲ: info@seslp.org

website: www.seslp.org


ਬੀ ਸੀ ਫੈਮਲੀ ਹੀਅਰਿੰਗ ਰੀਸੋਰਸ ਸੁਸਾਇਟੀ ਨੂੰ ਦਿੱਤਾ ਗਿਆ ਦਾਨ ਕੈਨੇਡੀਅਨ ਇਨਕਮ ਟੈਕਸ ਰੈਗੂਲੇਸ਼ਨ ਅਧੀਨ ਇਕ ਪ੍ਰਵਾਣਿਤ ਕਟੌਤੀ ਹੈ।

(ਰਜਿਸਟ੍ਰੇਸ਼ਨ ਨੰਬਰ: 13300-0182-RR0001)


**ਸਾਡੇ ਖਰਚਿਆਂ ਦਾ ਕੁਝ ਹਿੱਸਾ ਮਨਿਸਟਰੀ ਫਾਰ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ ਵਲੋਂ ਦਿੱਤਾ ਜਾਂਦਾ ਹੈ।**

ਫੋਟੋਆਂ ਲਈ ਲੀਸਾ ਹਾਰਟਲੀ ਫੋਟੋਗ੍ਰਾਫੀ www.lisahartley.com ਦਾ ਧੰਨਵਾਦ।


# ਸਰੀ ਅਰਲੀ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ

Surrey Early Speech and Language Program



## *ਕਮਿਊਨੀਕੇਸ਼ਨ (ਬੋਲਚਾਲ) ਦੀਆਂ ਲੋੜਾਂ ਵਾਲੇ ਬੱਚਿਆਂ ਦੇ ਪਰਿਵਾਰਾਂ ਲਈ ਕਮਿਉਨਿਟੀ ਆਧਾਰਿਤ ਪ੍ਰੋਗਰਾਮ*

ਸਰੀ ਅਰਲੀ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਪਰਿਵਾਰ ਉੱਤੇ ਕੇਂਦਰਿਤ ਪ੍ਰੋਗਰਾਮ ਹੈ। ਅਸੀਂ ਸਮਝਦੇ ਹਾਂ ਕਿ ਬੱਚੇ ਦੇ ਵਿਕਾਸ ਅਤੇ ਭਲਾਈ ਲਈ ਪਰਿਵਾਰ ਦੀ ਵੱਡੀ ਮਹੱਤਤਾ ਹੈ। ਅਸੀਂ ਹਰ ਇਕ ਬੱਚੇ ਵਿੱਚ ਕਮਿਊਨੀਕੇਸ਼ਨ (ਬੋਲਚਾਲ) ਦੇ ਵਿਕਾਸ ਦੇ ਸੰਬੰਧ ਵਿੱਚ ਪਰਿਵਾਰ ਦੀਆਂ ਲੋੜਾਂ ਨੂੰ ਸਮਝਣ ਅਤੇ  ਅਤੇ ਉਹਨਾਂ ਦੀ ਪੂਰਤੀ ਲਈ ਕੰਮ ਕਰਦੇ ਹਾਂ।



## ਹੱਕਦਾਰ ਕੌਣ ਹੈ

ਸਰੀ ਅਰਲੀ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਕਮਿਊਨੀਕੇਸ਼ਨ (ਬੋਲਚਾਲ) ਵਿੱਚ ਪਛੇਤ ਜਾਂ ਵਿਗਾੜਾਂ ਵਾਲੇ ਬੱਚਿਆਂ ਲਈ ਪਰਿਵਾਰ-ਮੁਖੀ ਸੇਵਾਵਾਂ ਪ੍ਰਦਾਨ ਕਰਦੇ ਹਨ।

ਕਮਿਊਨੀਕੇਸ਼ਨ (ਬੋਲਚਾਲ) ਦੀਆਂ ਇਹਨਾਂ ਲੋੜਾਂ ਵਿੱਚ ਬੋਲਣ ਲਈ ਆਵਾਜ਼ ਪੈਦਾ ਕਰਨ, ਸ਼ਬਦ ਭੰਡਾਰ ਵਿਕਸਤ ਕਰਨ, ਵਾਕ ਬਣਤਰ, ਅਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਨਾਲ ਸੰਬੰਧਤ ਸਮੱਸਿਆਵਾਂ ਸ਼ਾਮਲ ਹੋ ਸਕਦੀਆਂ ਹਨ। ਹੋਰ ਸਮੱਸਿਆਵਾਂ ਵਿੱਚ ਥਥਲਾਉਣ ਜਾਂ ਆਵਾਜ਼ ਨਾਲ ਸੰਬੰਧਤ ਸਮੱਸਿਆਵਾਂ ਵੀ ਸ਼ਾਮਲ ਹੋ ਸਕਦੀਆਂ ਹਨ।

ਅਸੀਂ ਜਨਮ ਤੋਂ ਲੈ ਕੇ ਸਕੂਲ ਵਿੱਚ ਦਾਖਲ ਹੋਣ ਦੀ ਉਮਰ ਤੱਕ ਦੇ ਬੱਚਿਆਂ ਦੇ ਉਹਨਾਂ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਾਂ, ਜੋ 92 ਐਵਨਿਊ ਦੇ ਦੱਖਣ ਵਿੱਚ ਕਿੰਗ ਜਾਰਜ ਹਾਈਵੇਅ ਅਤੇ 196 ਸਟਰੀਟ ਦੇ ਵਿਚਕਾਰ ਰਹਿੰਦੇ ਹਨ।

## ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ

### ਬੱਚਿਆਂ ਲਈ ਸੇਵਾਵਾਂ:

- ਹਰ ਇਕ ਬੱਚੇ ਦੀਆਂ ਕਮਿਊਨੀਕੇਸ਼ਨ (ਬੋਲਚਾਲ) ਦੀਆਂ ਲੋੜਾਂ ਅਤੇ ਵਿਕਾਸ ਦਾ ਲਗਾਤਾਰ ਮੁੱਲਾਂਕਣ।
- ਪਰਿਵਾਰ ਦੀਆਂ ਲੋੜਾਂ ਅਤੇ ਨਿਸ਼ਾਨਿਆਂ ਦੇ ਆਧਾਰ ਉੱਤੇ ਹਰ ਬੱਚੇ ਲਈ ਵਿਅਕਤੀਗਤ ਪ੍ਰੋਗਰਾਮ।
- ਬੱਚੇ ਅਤੇ ਪਰਿਵਾਰ ਦੀਆਂ ਲੋੜਾਂ ਨੂੰ ਦੇਖਦਿਆਂ ਹੋਇਆ ਸੈਸ਼ਨ ਸੈਂਟਰ ਵਿੱਚ, ਪ੍ਰੀ-ਸਕੂਲ ਜਾਂ ਡੇਅਕੇਅਰ ਵਿੱਚ ਲਗਾਏ ਜਾ ਸਕਦੇ ਹਨ।

***ਇਕ ਮਾਪੇ ਅਨੁਸਾਰ "ਮੇਰਾ ਪੁੱਤਰ ਇਕ ਵੱਖਰਾ ਬੱਚਾ ਹੈ। ਉਹ ਹਰ ਇਕ ਨਾਲ ਚੰਗੀ ਤਰ੍ਹਾਂ ਬੋਲਚਾਲ ਕਰਦਾ ਹੈ; ਇਸ ਤੋਂ ਵੀ ਵੱਧ ਅਸੀਂ ਉਸ ਨਾਲ ਬੋਲਚਾਲ ਕਰ ਸਕਦੇ ਹਾਂ!"***

### ਪਰਿਵਾਰਾਂ ਲਈ ਸੇਵਾਵਾਂ:

- ਭਾਸ਼ਾ ਅਤੇ ਬੋਲੀ ਦੇ ਵਿਕਾਸ ਬਾਰੇ ਮਾਪਿਆਂ ਨੂੰ ਸਿੱਖਿਆ।
- ਰੋਜ਼ਾਨਾ ਸਰਗਰਮੀਆਂ ਦੌਰਾਨ ਆਪਣੇ ਬੱਚੇ ਵਿੱਚ ਭਾਸ਼ਾ ਅਤੇ ਬੋਲੀ ਦੇ ਵਿਕਾਸ ਵਿੱਚ ਵਾਧਾ ਅਤੇ ਉਤਸ਼ਾਹ ਪੈਦਾ ਕਰਨ ਲਈ ਮਾਪਿਆਂ ਨੂੰ ਕਮਿਊਨੀਕੇਸ਼ਨ ਸਕਿਲਜ਼ (ਬੋਲਚਾਲ ਦੇ ਹੁਨਰਾਂ) ਵਿੱਚ ਸਿਖਲਾਈ।
- ਘਰ ਵਿੱਚ ਪ੍ਰੋਗਰਾਮ ਜਿਹਨਾਂ ਵਿੱਚ ਮਾਪੇ, ਭੈਣ-ਭਰਾ ਅਤੇ ਬੱਚੇ ਨਾਲ ਸੰਬੰਧਤ ਹੋਰ ਲੋਕ ਸ਼ਾਮਲ ਹਨ।

### ਕਮਿਊਨਿਟੀ ਲਈ ਸੇਵਾਵਾਂ:

- ਹਰ ਬੱਚੇ ਦੇ ਪਰਿਵਾਰ ਨੂੰ ਵਿਕਾਸ ਅਨੁਸਾਰ ਮੁਨਾਸਬ ਅਤੇ ਉਦੇਸ਼-ਮੁਖੀ ਸੇਵਾ ਦੇਣ ਲਈ ਪ੍ਰੀ-ਸਕੂਲ ਟੀਚਰਾਂ, ਬਾਲਾਂ ਦੇ ਵਿਕਾਸ ਦੇ ਪ੍ਰੋਗਰਾਮ ਨਾਲ ਸੰਬੰਧਤ ਕੰਨਸਲਟੈਂਟਾਂ, ਸੁਪੋਰਟਿਡ ਚਾਇਲਡ ਕੇਅਰ ਕੰਨਸਲਟੈਂਟਾਂ, ਡੇਅਕੇਅਰ ਪ੍ਰਦਾਨ ਕਰਨ ਵਾਲਿਆਂ ਅਤੇ ਦੂਸਰੇ ਲੋਕਾਂ ਲਈ ਸਲਾਹ ਮਸ਼ਵਰਾ ਅਤੇ ਸਿਖਲਾਈ।
- ਕਮਿਊਨਿਟੀ ਸੇਵਾਵਾਂ ਦੇਣ ਵਾਲਿਆਂ ਨੂੰ ਕਮਿਊਨੀਕੇਸ਼ਨ (ਬੋਲਚਾਲ) ਨਾਲ ਸੰਬੰਧਤ ਖਾਸ ਚੁਣੌਤੀਆਂ ਬਾਰੇ ਸਿਖਿਅਤ ਕਰਨ ਵਾਲੀਆਂ ਪੇਸ਼ਕਾਰੀਆਂ ਅਤੇ ਵਰਕਸ਼ਾਪਾਂ।

### ਵਸੀਲੇ:

- ਪਰਿਵਾਰਾਂ ਅਤੇ ਕਮਿਊਨਿਟੀ ਸੇਵਾਵਾਂ ਦੇਣ ਵਾਲਿਆਂ ਲਈ ਨਿਊਜ਼ਲੈਟਰ।
- ਸਮੱਗਰੀ ਉਧਾਰ ਦੇਣ ਵਾਲੀ ਛੋਟੀ ਲਾਇਬ੍ਰੇਰੀ।
- ਸਿਖਿਆਦਾਇਕ ਅਤੇ ਵਿਹਾਰਕ ਜਾਣਕਾਰੀ ਵਾਲੀਆਂ ਲਿਖਤਾਂ

